Tender Heart High School Sec-33B Chd

Class - 8 Ramandeep

# 4 ਪਾਠ ਲਿਪੀ (Script)




ਪਿਆਰੇ ਬੱਚਿਓ, ਕਿਸੇ ਭਾਸ਼ਾ ਨੂੰ ਲਿਖਣ ਲਈ ਜਿਹੜੇ ਚਿੰਨ੍ਹ ਵਰਤੇ ਜਾਂਦੇ ਹਨ ਉਹਨਾਂ ਦੇ ਸਮੂਹ ਨੂੰ ਹੀ ਲਿ ਕਹਿੰਦੇ ਹਨ।

## ਭਾਸ਼ਾ ਅਤੇ ਲਿਪੀ

ਭਾਸ਼ਾ (Language) ਅਤੇ ਲਿਪੀ (Script) ਦਾ ਫ਼ਰਕ ਜਾਣਨਾ ਜ਼ਰੂਰੀ ਹੈ। ਭਾਸ਼ਾ ਦੇ ਮਾਧਿਅਮ ਰਾਹੀਂ ਅਸ ਆਪਣੇ ਵਿਚਾਰਾਂ ਨੂੰ ਬੋਲ ਕੇ ਜਾਂ ਲਿਖ ਕੇ ਪ੍ਰਗਟਾਉਂਦੇ ਹਾਂ। ਇਸ ਤਰ੍ਹਾਂ ਭਾਸ਼ਾ ਸਾਡੇ ਵਿਚਾਰਾਂ ਦੇ ਪ੍ਰਗਟਾਵੇ ਦ ਸਾਧਨ ਹੈ। ਲਿਪੀ ਰਾਹੀਂ ਇਹਨਾਂ ਵਿਚਾਰਾਂ ਨੂੰ ਲਿਖਤੀ ਰੂਪ ਦਿੱਤਾ ਜਾਂਦਾ ਹੈ।

ਭਾਸ਼ਾ ਨੂੰ ਲਿਖਣ ਲਈ ਉਸ ਦੀ ਆਪਣੀ ਇੱਕ ਢੁਕਵੀਂ ਲਿਪੀ ਹੁੰਦੀ ਹੈ। ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਭਾਸ਼ ਨੂੰ ਲਿਖਣ ਲਈ ਅਲੱਗ-ਅਲੱਗ ਲਿਪੀ ਹੈ; ਜਿਵੇਂ :

| ਭਾਸ਼ਾ | ਲਿਪੀ | ਉਦਾਹਰਨ |
|---|---|---|
| ਪੰਜਾਬੀ | ਗੁਰਮੁਖੀ | ਤੁਸੀਂ ਕਿਸ ਜਮਾਤ ਵਿੱਚ ਪੜ੍ਹਦੇ ਹੋ ? |
| ਹਿੰਦੀ | ਦੇਵਨਾਗਰੀ | आप किस कक्षा में पढ़ते हो ? |
| ਅੰਗਰੇਜ਼ੀ | ਰੋਮਨ | In which class do you read ? |

ਇੱਕ ਭਾਸ਼ਾ ਨੂੰ ਇੱਕ ਤੋਂ ਵੱਧ ਲਿਪੀਆਂ ਵਿੱਚ ਲਿਖਿਆ ਜਾ ਸਕਦਾ ਹੈ। ਪਰ ਇਹ ਸਾਰੀਆਂ ਲਿਪੀਆਂ ਉ ਭਾਸ਼ਾ ਲਈ ਸਫਲ ਨਹੀਂ ਹੁੰਦੀਆਂ। ਪੰਜਾਬੀ ਭਾਸ਼ਾ ਨੂੰ ਵੀ ਫ਼ਾਰਸੀ (ਉਰਦੂ ਅੱਖਰ), ਅੰਗਰੇਜ਼ੀ (ਰੋਮਨ) ਅਤੇ ਹਿੰ

Class-8 Ramandeep Kaur


(ਦੇਵਨਾਗਰੀ) ਅੱਖਰਾਂ ਵਿੱਚ ਲਿਖਣ ਦੇ ਤਜਰਬੇ ਹੋਏ ਹਨ। ਪਰ ਇਹ ਸਫਲ ਨਹੀਂ ਹੋਏ। ਇੱਕੋ ਭਾਸ਼ਾ ਲਈ ਵੱਖ-ਵੱਖ ਲਿਪੀਆਂ ਦੀ ਵਰਤੋਂ ਦੀ ਉਦਾਹਰਨ ਇਸ ਪ੍ਰਕਾਰ ਹੈ :

* ਘੋੜਾ ਤੇਜ਼ ਦੌੜ ਰਿਹਾ ਹੈ। * घोड़ा तेज़ दौड़ रिहा है। * Ghora tez daur riha hai.

ਉੱਪਰ ਇੱਕੋ ਭਾਸ਼ਾ ਦੇ ਵਾਕ ਨੂੰ ਤਿੰਨ ਲਿਪੀਆਂ ਵਿੱਚ ਲਿਖਿਆ ਗਿਆ ਹੈ। ਪਰ 'ਘੋੜਾ' ਸ਼ਬਦ ਦਾ ਜੋ ਉਚਾਰਨ ਗੁਰਮੁਖੀ ਲਿਪੀ ਵਿੱਚ ਹੁੰਦਾ ਹੈ ਉਹ ਦੇਵਨਾਗਰੀ ਲਿਪੀ ਵਿੱਚ ਨਹੀਂ ਹੋ ਸਕਦਾ। ਅੰਗਰੇਜ਼ੀ ਵਿੱਚ ਤਾਂ 'ੜ' ਦੀ ਅਵਾਜ਼ ਨੂੰ ਪ੍ਰਗਟਾਉਣ ਲਈ ਕੋਈ ਚਿੰਨ੍ਹ ਹੀ ਨਹੀਂ। ਇਸ ਲਈ ਅੰਗਰੇਜ਼ੀ ਅੱਖਰਾਂ ਵਿੱਚ ਘੋੜੇ ਦਾ ਉਚਾਰਨ ਘੋਰਾ (Ghora) ਹੀ ਹੋਏਗਾ। ਸਪਸ਼ਟ ਹੈ ਕਿ ਪੰਜਾਬੀ ਭਾਸ਼ਾ ਨੂੰ ਗੁਰਮੁਖੀ ਲਿਪੀ ਵਿੱਚ ਹੀ ਸਫਲਤਾ ਨਾਲ਼ ਲਿਖਿਆ ਜਾ ਸਕਦਾ ਹੈ।

## ਗੁਰਮੁਖੀ ਲਿਪੀ

ਪੰਜਾਬੀ ਭਾਸ਼ਾ ਨੂੰ ਲਿਖਣ ਲਈ ਜਿਨ੍ਹਾਂ ਚਿੰਨ੍ਹਾਂ ਦੀ ਵਰਤੋਂ ਕੀਤੀ ਜਾਂਦੀ ਹੈ ਉਹਨਾਂ ਦੇ ਸਮੂਹ ਨੂੰ ਗੁਰਮੁਖੀ ਲਿਪੀ ਕਿਹਾ ਜਾਂਦਾ ਹੈ। ਗੁਰਮੁਖੀ ਲਿਪੀ ਦੇ ਚਿੰਨ੍ਹਾਂ ਵਿੱਚ ਅੱਖਰਾਂ ਜਾਂ ਅੱਖਰਮਾਲ਼ਾ ਤੋਂ ਬਿਨਾਂ ਲਗਾਂ ਅਤੇ ਲਗਾਖਰ ਸ਼ਾਮਲ ਹਨ।




ਗੁਰਮੁਖੀ ਅੱਖਰਮਾਲ਼ਾ ਦੇ ਮੂਲ ਅੱਖਰਾਂ ਦੀ ਗਿਣਤੀ = 35 (ਪੈਂਤੀ)

ਗੁਰਮੁਖੀ ਅੱਖਰਮਾਲ਼ਾ ਦੇ ਕੁੱਲ ਅੱਖਰਾਂ ਦੀ ਗਿਣਤੀ = 41 (ਇਕਤਾਲ਼ੀ)

ਸਵਰ-ਅੱਖਰ/ਸਵਰ-ਵਾਹਕ = 3 (ੳ, ਅ, ੲ)

Class-8 Ramandeep Kaur

ਨਾਸਿਕੀ ਵਿਅੰਜਨ = 5 (ਙ, ਞ, ਣ, ਨ, ਮ)

ਬਿੰਦੀ ਵਾਲ਼ੇ ਅੱਖਰ = 6 (ਸ਼, ਖ਼, ਗ਼, ਜ਼, ਫ਼, ਲ਼)

ਦੁੱਤ ਅੱਖਰ (ਪੈਰ ਵਿੱਚ ਪੈਣ/ਲਿਖੇ ਜਾਣ ਵਾਲ਼ੇ ਅੱਖਰ) = 3 (ਹ, ਰ, ਵ)

ਅਰਧ ਸਵਰ = 2 (ਯ, ਵ)

**ਨੋਟ** : ੳ, ਅ, ੲ ਤੋਂ ਬਿਨਾਂ ਬਾਕੀ ਸਾਰੇ ਵਿਅੰਜਨ ਹਨ।

## ਲਗਾਂ ਦੇ ਚਿੰਨ੍ਹ

| ਾ | ਿ | ੀ | ੁ | ੂ | ੇ | ੈ | ੋ | ੌ |
|---|---|---|---|---|---|---|---|---|
| ਕੰਨਾ | ਸਿਹਾਰੀ | ਬਿਹਾਰੀ | ਔਂਕੜ | ਦੁਲੈਂਕੜ | ਲਾਂ | ਦੁਲਾਵਾਂ | ਹੋੜਾ | ਕਨੌੜਾ |

**ਨੋਟ** : ਮੁਕਤਾ ਅੱਖਰ ਨਾਲ਼ ਕੋਈ ਲਗ ਨਹੀਂ ਲੱਗਦੀ। ਇਸ ਲਈ ਲਗਾਂ ਦੇ ਚਿੰਨ੍ਹਾਂ ਦੀ ਗਿਣਤੀ ਨੌਂ ਹੈ।

## ਲਗਾਖਰਾਂ ਦੇ ਚਿੰਨ੍ਹ

| ਂ | ੰ | ੱ |
|---|---|---|
| ਬਿੰਦੀ | ਟਿੱਪੀ | ਅਧਕ |

## ਤੁਸੀਂ ਜਾਣ ਗਏ ਹੋਵੋਗੇ

* ਕਿਸੇ ਭਾਸ਼ਾ ਨੂੰ ਲਿਖਣ ਲਈ ਵਰਤੇ ਜਾਂਦੇ ਚਿੰਨ੍ਹਾਂ ਦੇ ਸਮੂਹ ਨੂੰ ਲਿਪੀ ਕਹਿੰਦੇ ਹਨ।
* ਪੰਜਾਬੀ ਭਾਸ਼ਾ ਨੂੰ ਵੱਖ-ਵੱਖ ਲਿਪੀਆਂ (ਫ਼ਾਰਸੀ, ਰੋਮਨ, ਦੇਵਨਾਗਰੀ) ਵਿੱਚ ਲਿਖਣ ਦੇ ਤਜਰਬੇ ਹੋਏ ਹਨ ਪਰ ਪੰਜਾਬੀ ਭਾਸ਼ਾ ਦੀ ਸਫਲ ਲਿਪੀ ਗੁਰਮੁਖੀ ਹੀ ਹੈ।
* ਪੰਜਾਬੀ ਭਾਸ਼ਾ ਨੂੰ ਲਿਖਣ ਲਈ ਜਿਹੜੇ ਚਿੰਨ੍ਹ ਵਰਤੇ ਜਾਂਦੇ ਹਨ ਉਹਨਾਂ ਦੇ ਸਮੂਹ ਨੂੰ ਗੁਰਮੁਖੀ ਲਿਪੀ ਕਹਿੰਦੇ ਹਨ।
* ਗੁਰਮੁਖੀ ਅੱਖਰਮਾਲ਼ਾ ਦੇ ਕੁੱਲ 41 (ਇਕਤਾਲ਼ੀ) ਅੱਖਰ ਹਨ।
* ਪੰਜਾਬੀ ਦੀਆਂ 10 (ਦਸ) ਸਵਰ-ਧੁਨੀਆਂ ਵਿੱਚੋਂ 9 (ਨੌਂ) ਲਈ ਲਗਾਂ ਦੇ ਚਿੰਨ੍ਹ ਹਨ। ਮੁਕਤਾ ਸਵਰ-ਧੁਨੀ ਲਈ ਕੋਈ ਲਗ/ਚਿੰਨ੍ਹ ਨਹੀਂ।
* ਗੁਰਮੁਖੀ ਦੇ 3 (ਤਿੰਨ) ਲਗਾਖਰ ਵੀ ਹਨ।